# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ

ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ, E Block, ਪੰਜਵੀਂ ਮੰਜ਼ਿਲ, ਫੇਜ਼-8, ਐਸ.ਏ.ਐਸ. ਨਗਰ

**(Through Website)**

ਵੱਲ,

1) ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਪੰਜਾਬ।

2) ਸਮੂਹ ਜਿਲ੍ਹਾ ਵੋਕੇਸ਼ਨਲ ਕੋਆਰਡੀਨੇਟਰ, ਪੰਜਾਬ।

3) ਸਮੂਹ ਸਕੂਲ ਮੁੱਖੀ (ਕੇਵਲ ਵੋਕੇਸ਼ਨਲ ਸਕੂਲ) ਪੰਜਾਬ।

ਮੀਮੋ ਨੰ: ਵੋਕੇਸ਼ਨਲ ਐਜੂਕੇਸ਼ਨ/2019/On Job Training/ 90226
ਮਿਤੀ, ਐਸ.ਏ.ਐਸ ਨਗਰ 20.03.2019

**ਵਿਸ਼ਾ: ਵੋਕੇਸ਼ਨਲ ਸਿੱਖਿਆ ਅਧੀਨ ਚੱਲ ਰਹੀ ਸਕੀਮ ਵੋਕੇਸ਼ਨਲ ਸਿੱਖਿਆ (Old Scheme) ਦੇ 12ਵੀਂ ਦੇ ਵਿਦਿਆਰਥੀਆਂ ਦੀ On Job Training ਕਰਵਾਉਣ ਬਾਰੇ ।**

1. ਇਸ ਦਫ਼ਤਰ ਦੇ ਪੱਤਰ ਨੰ: ਵੋਕੇਸ਼ਨਲ ਐਜੂਕੇਸ਼ਨ/2018/On the Job Training/201842671 ਮਿਤੀ ਐਸ.ਏ.ਐਸ ਨਗਰ 18.9.2018 ਦੇ ਸਬੰਧ ਵਿੱਚ।

2. ਵਿਸ਼ਾ ਅੰਕਿਤ ਕੇਸ ਵਿੱਚ ਦਸਣਯੋਗ ਹੋਵੇਗਾ ਕਿ ਉਕਤ ਜਾਰੀ ਹੁਕਮਾਂ ਰਾਹੀਂ ਵਿਭਾਗ ਵੱਲੋਂ ਲਏ ਫੈਸਲੇ ਅਨੁਸਾਰ ਵੋਕੇਸ਼ਨਲ ਦੇ 12ਵੀਂ ਦੇ ਵਿਦਿਆਰਥੀਆਂ ਦੀ On Job Training **(3 ਮਹੀਨੇ) ਮਿਤੀ 1 ਅਪ੍ਰੈਲ ਤੋਂ ਮਿਤੀ 30 ਜੂਨ ਤੱਕ** ਕਰਵਾਈ ਜਾਂਣੀ ਹੈ। ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ On Job Training ਨੂੰ ਬੇਹਤਰ ਬਨਾਉਣ ਹਿੱਤ ਆਪ ਆਪਣਾ ਪੂਰਨ ਸਹਿਯੋਗ ਦੇਣਗੇ ਤਾਂ ਜੋ ਇਨ੍ਹਾਂ ਵੋਕੇਸ਼ਨਲ ਸਿੱਖਿਆ ਪ੍ਰਾਪਤ ਕਰ ਰਹੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਆਪਣਾ ਸਵੈ-ਰੋਜਗਾਰ ਚਲਾਉਣ ਜਾਂ ਰੋਜਗਾਰ ਪ੍ਰਾਪਤ ਕਰਨ ਵਿੱਚ ਲਾਭ ਹੋ ਸਕੇ।

3. ਸਕੂਲ ਮੁੱਖੀ ਵੱਲੋਂ ਟ੍ਰੇਨਿੰਗ ਦੌਰਾਨ ਵੋਕੇਸ਼ਨਲ ਮਾਸਟਰ/ਲੈਕਚਰਾਰ, ਵੋਕੇਸ਼ਨਲ ਟੀਚਰ/ਵਰਕ Experience ਟੀਚਰ ਅਤੇ ਵਰਕਸ਼ਾਪ ਅਟੈਂਡਟ ਆਦਿ ਦੀ ਡਿਊਟੀ ਲਗਾਉਣਗੇ/ਬਦਲਵਾਂ ਪ੍ਰਬੰਧ ਕਰਨਗੇ। ਸਕੂਲ ਮੁੱਖੀ ਇਹ ਵੀ ਸੁਨਿਸ਼ਚਿਤ ਕਰਨਗੇ ਕਿ ਇਹ ਟ੍ਰੇਨਿੰਗ ਸਹੀ ਤਰੀਕੇ/ਸਹੀ ਢੰਗ ਨਾਲ ਮੁਕੰਮਲ ਕੀਤੀ ਜਾਵੇ।

4. ਜਿਨ੍ਹਾਂ ਵਿਭਾਗਾਂ/ਸੰਸਥਾਵਾਂ/ਦਫਤਰਾਂ/ਸਕੂਲਾਂ ਆਦਿ ਵਿੱਚ ਇਨ੍ਹਾਂ ਵੋਕੇਸ਼ਨਲ ਦੇ 12ਵੀਂ ਦੇ ਵਿਦਿਆਰਥੀਆਂ ਨੂੰ 3 ਮਹੀਨੇ ਦੀ On the Job Training ਕਰਵਾਈ ਜਾ ਸਕਦੀ ਹੈ, ਉਨਾਂ ਵਿਭਾਗਾਂ/ਸੰਸਥਾਵਾਂ/ਦਫ਼ਤਰਾਂ/ਸਕੂਲਾਂ ਦਾ ਲਿਸਟ ਇਸ ਪੱਤਰ ਨਾਲ ਨੱਥੀ ਕੀਤੀ ਜਾਂਦੀ ਹੈ। ਲਿਸਟ ਵਿੱਚ ਦਰਜ਼ ਵੇਰਵੇ ਅਨੁਸਾਰ ਟ੍ਰੇਡ ਅਨੁਸਾਰ ਸਬੰਧਤ ਅਧਿਕਾਰੀ ਨਾਲ ਤਾਲਮੇਲ/ਰਾਬਤਾ ਕਾਇਮ ਕਰਨ ਉਪਰੰਤ ਇਹ (On the Job Training) ਟ੍ਰੇਨਿੰਗ ਸੁਚਜੇ ਢੰਗ ਨਾਲ ਮੁਕੰਮਲ ਕੀਤੀ ਜਾਵੇ। ਇਸ ਤੋਂ ਇਲਾਵਾ ਸਬੰਧਤ ਜਿਲ੍ਹਾ ਸਿੱਖਿਆ ਅਫਸਰ/ਵੋਕੇਸ਼ਨਲ ਕੋਆਰਡੀਨੇਟਰ ਆਪਣੇ ਪੱਧਰ ਤੇ ਵੀ ਉਕਤ ਟ੍ਰੇਨਿੰਗ ਹੋਰ ਕੋਈ ਸਰਕਾਰੀ ਜਾਂ ਪ੍ਰਾਈਵੇਟ ਸੰਸਥਾਂ ਆਦਿ ਵਿੱਚ ਵੀ ਕਰਵਾ ਸਕਦੇ ਹਨ।

5. ਇਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਜਿਨ੍ਹਾਂ ਟ੍ਰੇਡਾਂ ਦੇ ਸੈਂਟਰ ਨਾਲ ਨੱਥੀ ਲਿਸਟ ਵਿੱਚ ਸ਼ਾਮਿਲ ਨਹੀ ਹਨ, ਅਜਿਹੇ ਟ੍ਰੇਡਾਂ ਦੇ ਵਿਦਿਆਰਥੀਆਂ ਨੂੰ ਟ੍ਰੇਨਿੰਗ ਸਬੰਧੀ ਸੈਂਟਰ, ਸਬੰਧਤ ਜਿਲ੍ਹਾ ਵੋਕੇਸ਼ਨਲ ਕੋਆਰਡੀਨੇਟਰ/ ਸਕੂਲ ਮੁੱਖੀ ਅਤੇ ਸਬੰਧਧ ਵੋਕੇਸ਼ਨਲ ਮਾਸਟਰ/ਲੈਕਚਰਾਰ ਵੱਲੋਂ ਆਪਣੇ ਪੱਧਰ ਤੇ ਨਿਰਧਾਰਤ ਕੀਤੇ ਜਾਣਗੇ ਅਤੇ ਟ੍ਰੇਨਿੰਗ ਸਹੀ ਢੰਗ ਨਾਲ ਮੁਕੰਮਲ ਕਰਵਾਉਣਾ ਸੁਨਿਸ਼ਚਿਤ ਕਰਨਗੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ
19.3.19

ਨੱਥੀ : ਵਿਭਾਗਾਂ/ਸੰਸਥਾਵਾਂ/ਦਫ਼ਤਰਾਂ/ਸਕੂਲਾਂ ਦੀ ਲਿਸਟ।

ਪਿਠ ਅੰਕਣ ਨੰ: ਵੋਕੇਸ਼ਨਲ ਐਜੂਕੇਸ਼ਨ/2019/ On Job Training / 90226 ਮਿਤੀ: 20.03.2019

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਨਿੱਜੀ ਸਹਾਇਕ ਟੂ ਸਕੱਤਰ ਸਕੂਲ ਸਿੱਖਿਆ ਜੀ ਨੂੰ ਮਾਨਯੋਗ ਸਕੱਤਰ ਸਕੂਲ ਸਿੱਖਿਆ ਜੀ ਦੀ ਸੂਚਨਾਂ ਹਿੱਤ।
2) ਡਾਇਰੈਕਟਰ (ਅਕਾਦਮਿਕ), ਪੰਜਾਬ ਸਕੂਲ ਸਿੱਖਿਆ ਬੋਰਡ।
3) ਡਾਇਰੈਕਟਰ (ਕੰਪਿਊਟਰ), ਪੰਜਾਬ ਸਕੂਲ ਸਿੱਖਿਆ ਬੋਰਡ।
4) ਕੰਟਰੋਲਰ (Examination) ਪੰਜਾਬ ਸਕੂਲ ਸਿੱਖਿਆ ਬੋਰਡ।
5) ਡਿਪਟੀ ਡਾਇਰੈਕਟਰ (ਵੋਕੇਸ਼ਨਲ), ਪੰਜਾਬ ਸਕੂਲ ਸਿੱਖਿਆ ਬੋਰਡ।
6) ਸਮੂਹ ਵੋਕੇਸ਼ਨਲ ਮਾਸਟਰ/ਲੈਕਚਰਾਰ, ਵੋਕੇਸ਼ਨਲ ਟੀਚਰ/ਵਰਕ Experience ਟੀਚਰ, ਅਤੇ ਵਰਕਸਾਪ ਅਟੈਂਡਟ ਆਦਿ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ

19.3.19